## ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ

### ਪਉੜੀ ॥

ਇਹ ਰਚਨਾ, ਸ੍ਰੀ ਗੁਰੂ ਅਰਜਨ ਸਾਹਿਬ ਦੀ, ਰਾਮਕਲੀ ਕੀ ਵਾਰ ਦੀ ੧੦ਵੀਂ ਪਉੜੀ ਹੈ ਅਤੇ ੯੬੨ ਪੰਨੇ ਤੇ ਸੁਭਾਇਮਾਨ ਹੈ।

ਇਸ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਉਪਦੇਸ਼ ਹੈ ਕਿ ਵਾਹਗੁਰੂ ਕਿਸੇ ਵੀ ਅਖਉਤੀ ਧਰਮ ਕਰਮ ਨਾਲ ਵਸ ਵਿਚ ਨਹੀਂ ਆਉਂਦਾ, ਉਹ ਤਾਂ ਸਿਰਫ਼ ਆਪਣੇ ਭਗਤਾਂ ਦੇ ਵਸ ਵਿਚ ਹੁੰਦਾ ਹੈ। ਸਪੱਸ਼ਟ ਹੈ ਕਿ ਭਗਤ ਉਹ ਹੈ ਜਿਸ ਨੇ ਭਗਤੀ ਕੀਤੀ ਹੈ ਤੇ ਭਗਤੀ ਦਾ ਪ੍ਰਮੁਖ ਢੰਗ ਸਿਮਰਨ ਹੀ ਹੈ। ਭਗਤ ਜਾਂ ਸੰਤ ਉਹ ਹੈ ਜੋ ਪਰਵਾਨ ਚੜ੍ਹ ਗਿਆ - 'ਸੋਈ ਸੰਤੁ ਜਿ ਭਾਵੈ ਰਾਮ॥', ਪੰਨਾ ੮੬੭. ਨਾਮ ਦਾ ਵਾਸਾ ਵੀ ਤਾਂ ਭਗਤਾਂ ਦੇ ਹਿਰਦੇ ਵਿਚ ਹੀ ਹੈ - 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥' ਪਉੜੀ ਦਾ ਸਮੁਚਾ ਭਾਵ ਇਹ ਹੈ ਕਿ ਹੇਠਾਂ ਦਸੇ, ਪ੍ਰਭੂ ਪ੍ਰਾਪਤੀ ਦੇ, ਪ੍ਰਚਲਤ ਰਹੇ, ਢੰਗ, ਵਾਹਗੁਰੂ ਨੂੰ ਨਹੀਂ ਪਤੀਆਉਂਦੇ, ਸੋ ਇਸ ਕਰਕੇ, ਇਹ ਅਸਲ ਧਰਮ ਨਹੀਂ ਹੋ ਸਕਦੇ।

**ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥**
**ਨਾ ਤੂ ਆਵਹਿ ਵਸਿ ਬੇਦ ਪੜਾਵਣੇ॥**

-- ਹੇ ਵਾਹਿਗੁਰੂ ! ਤੂੰ ਨਾਂ ਤਾਂ ਬਹੁਤੇ ਤਰਲੇ ਮਿੰਨਤਾਂ ਕੀਤਿਆਂ ਵਸ ਵਿਚ ਆਉਂਦਾ ਹੈਂ;

ਜ਼ਿਆਦਾ ਲੰਮੀਆਂ ਅਰਦਾਸਾਂ ਦਾ, ਕੋਈ ਜ਼ਿਆਦਾ ਲਾਭ ਨਹੀਂ ਹੁੰਦਾ। ਉਹ ਤਾਂ ਬਿਨਾਂ ਬੋਲਿਆਂ ਹੀ ਸਭ ਕੁਝ ਜਾਣਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਜ਼ਿਆਦਾ ਤਰਲੇ ਕਰੀ ਜਾਣਾ ਬੇ-ਮਾਇਨੇ ਹੁੰਦਾ ਹੈ, ਪ੍ਰਭੂ ਤਾਂ ਬਿਨਾਂ ਬੋਲਿਆਂ ਹੀ ਸਭ ਕੁਝ ਜਾਣਦਾ ਹੈ - 'ਬਹੁਤਾ ਬੋਲਣੁ ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭੁ ਸੋਇ॥', ਪੰਨਾ ੬੬੧. ਇਸੇ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਵੀ ਫ਼ੁਰਮਾਣ ਹੈ - 'ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ॥', ਪੰਨਾ ੧੪੨੦.

-- ਹੇ ਪ੍ਰਭੂ ! ਨਾ ਹੀ ਤੂੰ, ਸਿਰਫ਼ ਧਰਮ ਗ੍ਰੰਥਾਂ ਦੇ ਪਾਠ ਕਰਨ ਨਾਲ ਵਸ ਵਿਚ ਆਉਂਦਾ ਹੈਂ, ਭਾਵ, ਤੂੰ ਇਨ੍ਹਾਂ ਦੋਨਾਂ ਸਾਧਨਾਂ ਰਾਹੀਂ ਨਹੀਂ ਪਤੀਜਦਾ।

ਧਰਮ ਗ੍ਰੰਥਾਂ ਦੇ ਪਾਠ ਅਤੇ ਖੋਜ ਨਾਲ, ਪ੍ਰਭੂ ਪ੍ਰਾਪਤੀ ਕਰਨੀ ਸੰਭਵ ਨਹੀਂ ਹੁੰਦੀ। ਧਰਮ ਗ੍ਰੰਥ ਤਾਂ ਪ੍ਰਾਪਤੀ ਦਾ ਮਾਰਗ ਦਿਖਾਉਂਦੇ ਹਨ। ਪੰਜਵੇਂ ਪਾਤਸ਼ਾਹ ਨੇ ਬਹੁਤ ਹੀ ਸਪੱਸ਼ਟ ਸ਼ਬਦਾਂ ਵਿਚ ਉਪਦੇਸ਼ ਦਿਤਾ ਹੈ ਕਿ ਸਾਰੇ ਵੇਦ, ਕਤੇਬ, ਭਾਵ, ਸਾਮੀ ਗ੍ਰੰਥ-ਪਵਿਤਰ ਬਾਈਬਲ, ਕੁਰਾਨ ਸ਼ਰੀਫ਼, ਆਦਿ, ਸਿਮ੍ਰਿਤੀਆਂ, ਸ਼ਾਸਤਰ ਆਦਿ, ਸਾਰੇ ਦੇ ਸਾਰੇ ਧਰਮ ਗ੍ਰੰਥਾਂ ਦੇ ਸਿਰਫ਼ ਪਾਠ ਮਾਤਰ ਨਾਲ, ਮਨੁਖ ਨੂੰ, ਪ੍ਰਾਪਤੀ ਨਹੀਂ ਹੁੰਦੀ, ਸਗੋਂ ਜੋ ਗੁਰੂ ਤੋਂ 'ਏਕ ਅਖਰੁ', ਭਾਵ, ਇਕ ਲਫਜ਼, ਭਾਵ, ਗੁਰ ਮੰਤਰ ਲੈ ਕੇ, ਉਸ ਨੂੰ ਜਪਦਾ ਹੈ, ਉਸੇ ਦੀ, ਲੋਕ ਪਰਲੋਕ ਸੋਭਾ ਹੁੰਦੀ ਹੈ - 'ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ॥', ਪੰਨਾ ੭੪੭. ਕਿਉਂਕਿ ਗੁਰੂ ਗ੍ਰੰਥ ਸਾਹਿਬ ਅਤੇ ਬਾਕੀ ਇਹ ਸਾਰੇ ਗ੍ਰੰਥ ਵੀ, ਇਹੀ ਉਪਦੇਸ਼ ਕਰਦੇ ਹਨ ਕਿ ਨਾਮ ਜਪਣ ਨਾਲ ਹੀ ਪ੍ਰਭੂ

ਪ੍ਰਾਪਤੀ ਸੰਭਵ ਹੈ। ਗੁਰਬਾਣੀ ਥਾਂ ਥਾਂ ਇਹੀ ਫ਼ੁਰਮਾਣ ਕਰਦੀ ਹੈ ਕਿ ਸਿਮਰੋ ਅਤੇ ਸਿਮਰ ਕੇ ਪਰਮ ਸੁਖ ਪਾ ਲਉ - 'ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥', ਅੰਕ ੨੬੨.

ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ ਕਿ ਸਾਰੇ ਧਰਮ ਗ੍ਰੰਥ ਖੋਜ, ਪੜ੍ਹ ਲੈਣ ਨਾਲ ਪਾਰ ਉਤਾਰਾ ਸੰਭਵ ਨਹੀਂ ਬਲਕਿ ਜਨਮ ਮਰਣ ਦੇ ਗੇੜ ਤੋਂ ਬੰਦ ਖ਼ਲਾਸੀ ਤਾਂ 'ਰਾਮ' ਜਪਣ ਨਾਲ ਹੀ ਹੋਣੀ ਹੈ - 'ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ॥ ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ॥', ਪੰਨਾ ੪੭੭. ਭਗਤ ਜੀ ਅਨੁਸਾਰ ਪ੍ਰਭੂ ਪ੍ਰਾਪਤੀ ਤਾਂ 'ਰਾਮ' ਦੇ ਜਾਪ, ਸਿਮਰਣ ਰਾਹੀਂ ਹੀ ਸੰਭਵ ਹੈ। ਭਗਤ ਕਬੀਰ ਜੀ ਨੇ ਅਤਿਅੰਤ ਕਟਾਖ ਮਈ ਢੰਗ ਨਾਲ, ਨਿਰੇ, ਪਾਠ ਕਰਨ ਵਾਲੇ ਤੇ ਖੋਜ ਕਰਨ ਵਾਲੇ, ਵਿਦਵਾਨ/ਪੁਜਾਰੀ ਬ੍ਰਾਹਮਣ ਵਰਗ ਨੂੰ ਕਿਹਾ ਹੈ ਕਿ, ਤੇਰਾ, ਵੇਦ, ਪੁਰਾਣ ਆਦਿ, ਸਾਰੇ ਧਰਮ ਗ੍ਰੰਥਾਂ ਦਾ ਪਾਠ ਪੜ੍ਹਿਆ ਇੰਞ ਹੈ, ਜਿਵੇਂ, ਖੋਤੇ ਨੇ ਚੰਦਨ ਦਾ ਭਾਰ ਲਦਿਆ ਹੋਵੇ। ਮੂਰਖ ਖੋਤੇ ਨੂੰ, ਉਨ੍ਹਾਂ ਚੰਦਨ ਰੂਪੀ, ਧਰਮ ਗ੍ਰੰਥਾਂ ਵਿਚ ਪਏ ਨਾਮ ਜਪਣ ਦੇ ਉਪਦੇਸ਼ ਰੂਪੀ ਅਨਮੋਲ ਖ਼ਜ਼ਾਨੇ ਦੀ ਕੋਈ ਸਮਝ ਨਹੀਂ ਹੁੰਦੀ ਕਿ ਮੈਂ ਵੀ ਨਾਮ ਜਪ ਲਵਾਂ। ਇਸੇ ਤਰ੍ਹਾਂ ਤੂੰ ਵੀ 'ਰਾਮ' ਦੇ ਨਾਮ ਸਿਮਰਣ ਦੀ ਮਹਿਮਾ ਨਹੀਂ ਜਾਣੀ, ਤੂੰ ਕਿਵੇਂ ਪਾਰ ਹੋ ਸਕਦਾ ਹੈਂ ? ਤੂੰ, ਇਕੱਲਾ ਆਪ ਹੀ ਨਹੀਂ, ਸਮੇਤ ਪਰਿਵਾਰ, ਡੁਬੇਂਗਾ। ਕਿਉਂਕਿ ਤੂੰ, ਸਿਰਫ਼ ਪਾਠ-ਪਠਣ ਦੀ ਪੁਠੀ ਮਤ ਲੈ ਲਈ ਹੈ, ਅਤੇ 'ਰਾਮ' ਦਾ ਨਾਮ ਤਾਂ, ਤੂੰ, ਅਭਾਗੇ ਨੇ, ਕਦੇ ਜਪਿਆ ਨਹੀਂ - 'ਪਡੀਆ ਕਵਨ ਕੁਮਤਿ ਤੁਮ ਲਾਗੇ॥ ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ॥ ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ॥ ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ॥', ਪੰਨਾ ੧੧੦੨.

ਇਕ ਵੇਰ ਮਹਾਤਮਾ ਬੁੱਧ ਜੀ ਨੇ ਆਪਣੇ ਚੇਲਿਆਂ ਨੂੰ ਸਪੱਸ਼ਟ ਸ਼ਬਦਾਂ ਵਿਚ ਕਿਹਾ ਸੀ, "**ਮੇਰੇ ਦਿਤੇ ਉਪਦੇਸ਼ਾਂ ਦਾ ਸਿਰਫ਼ ਰਟਾ ਲਾਉਣ ਤਕ ਹੀ ਨਾ ਰਹਿਓ। ਇਨ੍ਹਾਂ ਅਖਰਾਂ ਦਾ ਮੋਹ ਨਾ ਕਰਿਓ, ਮੈਂ ਤੁਹਾਨੂੰ ਇਹ ਬੇੜਾ, ਸਵਾਰ ਹੋ ਕੇ ਭਵਜਲ ਸੰਸਾਰ ਸਾਗਰ ਤੋਂ ਪਾਰ ਲੰਘਣ ਲਈ ਦਿਤਾ ਹੈ, ਕਿਤੇ ਇਸ ਬੇੜੇ ਤੇ ਸਵਾਰ ਹੋਣ ਦੀ ਬਜਾਏ, ਇਸ ਨੂੰ ਮੋਢਿਆਂ ਤੇ ਹੀ ਨਾ ਚੁਕੀ ਫ਼ਿਰਿਓ !**"

ਗੁਰਬਾਣੀ, ਪੜ੍ਹ ਕੇ ਉਪਦੇਸ਼ ਨੂੰ ਧਾਰਨ ਕਰਨ ਲਈ ਹੈ, ਪੜ੍ਹ ਛਡਣ ਲਈ ਨਹੀਂ। ਸ੍ਰੀ ਗੁਰੂ ਨਾਨਕ ਸਾਹਿਬ ਮੁਤਾਬਕ ਜਿਉਣਾ, ਸਿਮਰਣ ਨੂੰ, ਮਨ ਵਿਚ ਵਸਾਉਣ ਦਾ ਨਾਂ ਹੈ - 'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥', ਪੰਨਾ ੧੪੨.

**ਨਾ ਤੂ ਆਵਹਿ ਵਸਿ ਤੀਰਥਿ ਨਾਈਐ॥**
**ਨਾ ਤੂ ਆਵਹਿ ਵਸਿ ਧਰਤੀ ਧਾਈਐ॥**

- - ਹੇ ਵਾਹਗੁਰੂ ! ਤੂੰ ਤੀਰਥਾਂ ਤੇ ਇਸ਼ਨਾਨ ਕਰਣ ਨਾਲ ਵੀ ਨਹੀਂ ਪਤੀਜਦਾ;

ਪੰਚਮ ਪਾਤਸ਼ਾਹ ਹੋਰ ਥਾਈਂ ਵੀ ਅਜਿਹਾ ਹੀ ਉਪਦੇਸ਼ ਦਿੰਦੇ ਹਨ ਕਿ ਤੀਰਥ ਆਦਿ ਧਰਮ ਕਰਮ, ਜੋ ਪੰਨਾ ੧੧੪੯ ਤੇ ਆਏ ਇਸ ਸ਼ਬਦ ਵਿਚ ਦਸੇ ਗਏ ਹਨ, ਇਨ੍ਹਾਂ ਨਾਲ ਸੁਚਮਤਾ ਨਹੀਂ ਆਉਂਦੀ, ਸਾਰੇ ਹਉਮੈ/ਬੰਧਨ ਦਾ ਹੀ ਮੂਲ ਹਨ ਅਤੇ ਹਉਮੈ ਹੀ ਪੈਦਾ ਕਰਦੇ ਹਨ,

ਵਾਹਗੁਰੂ ਦੇ ਸਿਮਰਨ ਤੋਂ ਬਿਨਾਂ ਸਾਰੇ ਵਿਅਰਥ ਹਨ, ਸਿਮਰਨ ਹੀ ਮੂਲ ਹੈ, ਇਸ ਤੋਂ ਬਿਨਾ ਪਰਮ ਗਤੀ ਦੀ ਪ੍ਰਾਪਤੀ ਸੰਭਵ ਨਹੀਂ, ਜਿਵੇਂ ਜੜ੍ਹ ਤੋਂ ਬਿਨਾਂ ਸ਼ਾਖਾਵਾਂ ਨਹੀਂ ਜੰਮ ਸਕਦੀਆਂ - 'ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ॥ ਮੂਲ ਬਿਨਾ ਸਾਖਾ ਕਤ ਆਹੈ॥.. ਤੀਰਥ ਨਾਇ ਕਹਾ ਸੁਚਿ ਸੈਲੁ॥ ਮਨ ਕਉ ਵਿਆਪੈ ਹਉਮੈ ਮੈਲੁ॥ ਕੋਟਿ ਕਰਮ ਬੰਧਨ ਕਾ ਮੂਲੁ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ॥' ਅਗੇ, ਨਾਲ ਹੀ ਜਿਸਨੇ ਸਿਮਰਨ ਭਗਤੀ ਕੀਤੇ ਹਨ, ਉਸ ਭਗਤ, ਸਾਧ ਨੂੰ ਧੰਨ ਕਿਹਾ ਹੈ - 'ਧਨੁ ਧਨੁ ਸਾਧ ਧੰਨੁ ਹਰਿ ਨਾਉ॥'

ਭਗਤ ਕਬੀਰ ਜੀ ਵੀ ਫ਼ੁਰਮਾਣ ਕਰਦੇ ਹਨ ਕਿ ਜੇ ਤੀਰਥਾਂ ਦੇ ਜਲ ਨਾਲ ਮੁਕਤੀ ਪ੍ਰਾਪਤ ਹੋ ਸਕਦੀ ਤਾਂ ਉਸ ਵਿਚ ਰਹਿ ਰਹੇ ਡਡੂ ਨੂੰ ਪਹਿਲਾਂ ਹੋਣੀ ਚਾਹੀਦੀ ਸੀ। ਪਰ ਉਸ ਡਡੂ ਵਾਂਙ ਹੀ ਉਸ ਵਿਚ ਨਹਾਉਣ ਵਾਲਾ ਮਨੁਖ ਵੀ ਵਾਰ ਵਾਰ ਜੂਨੀਆਂ ਵਿਚ ਆਉਂਦਾ ਹੈ - 'ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ॥ ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ॥', ਪੰਨਾ ੪੮੪.

-- ਹੇ ਪ੍ਰਭੂ ! ਤੂੰ ਸਾਰੀ ਧਰਤੀ ਦਾ ਭ੍ਰਮਣ ਕਰਨ ਨਾਲ ਵੀ ਵਸ ਵਿਚ ਨਹੀਂ ਆਉਂਦਾ।

ਬਾਰਹ ਮਾਹਾ ਵਿਚ, ੧੩੩ ਪੰਨੇ ਤੇ, ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜੀਵ ਭਾਵੇਂ ਚਾਰੇ ਪਾਸੇ ਅਤੇ ਦਸੇ ਦਿਸ਼ਾਵਾਂ ਵਿਚ ਭ੍ਰਮਣ ਕਰ ਆਵੇ ਪਰ ਅਖੀਰ ਥਕ ਕੇ ਨਾਮ ਦੀ ਹੀ ਜਾਚਨਾ ਕਰਨੀ ਪੈਣੀ ਹੈ - 'ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥.. ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ॥'

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਵੀ ਬਚਨ ਹਨ ਕਿ ਨਾਮ ਬੂੰਦ ਦੀ ਪ੍ਰਾਪਤੀ, ਪੂਰੀ ਧਰਤੀ ਦਾ ਭ੍ਰਮਣ ਕਰਨ ਨਾਲ ਨਹੀਂ ਬਲਕਿ ਇਹ ਤਾਂ ਸਚੇ ਗੁਰੂ ਤੋਂ ਹੀ ਹੋਣੀ ਹੈ - 'ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ॥ ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ॥', ਪੰਨਾ ੧੪੨੦.

ਸ੍ਰੀ ਗੁਰੂ ਅਰਜਨ ਸਾਹਿਬ ਅਨੁਸਾਰ, ਕੋਈ ਕਹਿੰਦਾ ਹੈ, ਪ੍ਰਭੂ ਤੀਰਥਾਂ ਤੇ ਵਾਸਾ ਕਰਦਾ ਹੈ, ਕੋਈ ਕਹਿੰਦਾ ਹੈ ਅੰਨ ਦਾ ਤਿਆਗ ਕੀਤਿਆਂ ਪ੍ਰਾਪਤ ਹੁੰਦਾ ਹੈ, ਕੋਈ ਇਸ ਆਸ ਵਿਚ ਸਾਰੀ ਧਰਤੀ ਦਾ ਭ੍ਰਮਣ ਕਰ ਰਿਹਾ ਹੈ ਪਰ, ਪਾਤਸ਼ਾਹ ਬਚਨ ਕਰਦੇ ਹਨ ਕਿ ਮੈਂ ਨਿਮਾਣੇ ਨੇ ਤਾਂ 'ਹਰਿ ਹਰਿ' ਜਾਂ '**ਵਾਹਗੁਰੂ ਵਾਹਗੁਰੂ**..' ਸਿਮਰਨ ਨਾਲ, ਵਾਹਿਗੁਰੂ ਦੇ ਦਰ ਤੇ ਪਿਆ ਹਾਂ - 'ਕਿਨਹੀ ਕਹਿਆ ਹਉ ਤੀਰਥ ਵਾਸੀ॥ ਕੋਈ ਅੰਨੁ ਤਜਿ ਭਇਆ ਉਦਾਸੀ॥ ਕਿਨਹੀ ਭਵਨੁ ਸਭ ਧਰਤੀ ਕਰਿਆ॥ ਮੋਹਿ ਦੀਨ ਹਰਿ ਹਰਿ ਦਰਿ ਪਰਿਆ॥', ਪੰਨਾ ੯੧੨.

**ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥**
**ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥**

-- ਹੇ ਵਾਹਗੁਰੂ ! ਤੂੰ ਕਿਸੇ ਕਿਸਮ ਦੀ ਸਾਡੀ ਆਪਣੀ ਸਿਆਣਪ ਨਾਲ ਵੀ ਵਸ ਵਿਚ ਨਹੀਂ ਆਉਂਦਾ ;

ਸ੍ਰੀ ਗੁਰੂ ਨਾਨਕ ਪਾਤਸ਼ਾਹ, ਆਪਣੀ, ਜਪੁ ਬਾਣੀ ਵਿਚ ਵੀ ਸਪੱਸ਼ਟ ਉਪਦੇਸ਼ ਦਿੰਦੇ ਹਨ ਕਿ ਹਜ਼ਾਰਾਂ, ਲਖਾਂ ਸਿਆਣਪਾਂ (high intellect) ਵੀ ਪ੍ਰਾਪਤੀ ਦੇ ਮਾਰਗ ਤੇ ਕੰਮ ਨਹੀਂ

ਆਉਂਦੀਆਂ, ਇਥੇ ਹੀ ਧਰੀਆਂ ਰਹਿ ਜਾਂਦੀਆਂ ਹਨ - 'ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥' ਹੋਰ ਥਾਈਂ ਵੀ, ਮਹਾਰਾਜ ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੧੭੮ ਤੇ, ਫ਼ੁਰਮਾਣ ਕਰਦੇ ਹਨ ਕਿ ਸਿਆਣਪ ਆਦਿ ਹੋਰ ਜਤਨ ਵੀ ਭਾਰ ਹੀ ਚੜ੍ਹਾਉਂਦੇ ਹਨ, ਇਸ ਲਈ ਹੇ ਮੇਰੇ ਮਨ ! ਤੂੰ ਨਾਮ ਦਾ ਹੀ ਆਸਰਾ ਪਕੜ ਤਾਂ ਕਿ ਤੈਨੂੰ ਵਿਕਾਰਾਂ ਦਾ ਗਰਮ ਬੁਲ੍ਹਾ ਨਾ ਛੋਹ ਸਕੇ - 'ਅਨਿਕ ਜਤਨ ਨਹੀ ਹੋਤ ਛੁਟਾਰਾ॥ ਬਹੁਤੁ ਸਿਆਣਪ ਆਗਲ ਭਾਰਾ॥.. ਮਨ ਮੇਰੇ ਗਹੁ ਹਰਿ ਨਾਮ ਕਾ ਓਲਾ॥ ਤੁਝੈ ਨ ਲਾਗੈ ਤਾਤਾ ਝੋਲਾ॥' ਇਸ ਤੋਂ ਉਲਟ, ਭਗਤੀ ਭਾਉ ਵਾਲਾ ਭੋਲਾ ਸੁਭਾਅ, ਰਘੂਵੰਸ਼ੀ ਰਾਜਾ, ਰਾਮ, ਭਾਵ, ਪ੍ਰਭੂ ਨੂੰ ਭਾਉਂਦਾ ਹੈ - 'ਕਹੁ ਕਬੀਰ ਭਗਤਿ ਕਰਿ ਪਾਇਆ॥ ਭੋਲੇ ਭਾਇ ਮਿਲੇ ਰਘੁਰਾਇਆ॥', ਪੰਨਾ ੩੨੪.

-- ਹੇ ਵਾਹਿਗੁਰੂ ! ਤੂੰ ਕਿਨਾਂ ਵੀ ਦਾਨ ਦੇਣ ਨਾਲ ਵੀ ਖ਼ੁਸ਼ ਨਹੀਂ ਹੁੰਦਾ।

ਉਸ ਸਚੇ ਪਰਮੇਸ਼ਰ ਦਾ ਨਾਮ ਜਪਣ ਤੋਂ ਬਿਨਾਂ, ਦਾਨ ਆਦਿਕ ਹੋਰ ਪੁੰਨ ਕਰਮਾਂ ਨੂੰ ਸ੍ਰੀ ਗੁਰੂ ਨਾਨਕ ਸਾਹਿਬ, ਪ੍ਰਾਪਤੀ ਦੇ ਮਾਰਗ ਤੇ, ਵਿਅਰਥ ਦਸਦੇ ਹਨ ਅਤੇ ਨਾਲ ਹੀ, ਸਹੀ ਮਾਰਗ ਦਾ ਭੇਦ ਵੀ ਦਸਦੇ ਹਨ ਕਿ ਵਾਹਗੁਰੂ ਤਾਂ ਸੰਤਾਂ ਦੀ ਸੰਗਤਿ ਰਾਹੀਂ ਮਿਲਦਾ ਹੈ, ਜੇ ਪ੍ਰਭੂ, ਸੰਤਾਂ ਦੀ ਸੰਗਤਿ ਮਿਲਾ ਦੇਵੇ - 'ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ॥..ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ॥ ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ॥' ਪੰਨਾ ੫੬.
ਪੰਚਮ ਪਾਤਸ਼ਾਹ ਦਾ ਉਪਦੇਸ਼ ਹੈ ਕਿ ਸੋਨਾ, ਇਸਤਰੀ, ਹਵਾ ਨਾਲ ਗੱਲਾਂ ਕਰਨ ਵਾਲੇ ਘੋੜੇ, ਅੰਨ, ਕਪੜੇ, ਜ਼ਮੀਨ ਆਦਿ ਅਨੇਕ ਤਰ੍ਹਾਂ ਦੇ ਜਿਤਨੇ ਮਰਜ਼ੀ ਦਾਨ ਕਰ ਦਈਏ, ਹਰੀ ਦਾ ਦਰ, ਪ੍ਰਾਪਤ ਨਹੀਂ ਹੁੰਦਾ। ਸਾਧੂ ਦੀ ਸੰਗਤਿ ਤੇ ਵਾਹਗੁਰੂ ਦੇ ਨਾਮ ਦਾ ਜਾਪ ਹੀ ਉਤਮ ਕਰਮ ਹੈ ਜੋ, ਪੂਰਬਲੇ ਕਰਮਾਂ ਅਨੁਸਾਰ, ਲਿਖੇ ਹੋਏ ਭਾਗਾਂ ਨਾਲ ਹੀ ਪ੍ਰਾਪਤ ਹੁੰਦਾ ਹੈ - 'ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥ ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ॥.. ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥', ਅੰਕ ੬੪੨.

**ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥**
**ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥੧੦॥**

-- ਹੇ ਅਪਹੁੰਚ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਬਾਹਰ, ਵਾਹਗੁਰੂ ! ਸਭ ਕੁਝ ਤੇਰੇ ਹੀ ਵਸ ਵਿਚ ਜਾਂ ਹਥ ਵਿਚ ਹੈ;

ਪਾਤਸ਼ਾਹ ਦਸਦੇ ਹਨ ਕਿ ਪਰਮਾਤਮਾ, ਪਰ੍ਹਾਂ ਤੋਂ ਪਰ੍ਹਾਂ ਹੈ, ਹਦ ਬੰਨੇ ਤੋਂ ਬਾਹਰ ਹੈ, ਪੂਜਯ ਹੈ, ਅਪਹੁੰਚ ਹੈ, ਇੰਦ੍ਰਿਆਵੀ ਪਹੁੰਚ ਤੋਂ ਪਰ੍ਹਾਂ ਹੈ, ਉਸ ਦਾ ਸਰੂਪ ਬਿਆਨ ਨਹੀਂ ਹੋ ਸਕਦਾ ਅਤੇ ਉਸ ਦਾ ਭੇਦ ਨਹੀਂ ਪਾਇਆ ਜਾ ਸਕਦਾ - 'ਪਾਰਬ੍ਰਹਮ ਅਪਰੰਪਰ ਦੇਵਾ॥ ਅਗਮ ਅਗੋਚਰ ਅਲਖ ਅਭੇਵਾ॥', ਪੰਨਾ ੯੮. ਉਸ ਤੋਂ ਬਿਨਾਂ ਹੋਰ ਕੋਈ ਨਹੀਂ, ਸਾਰਾ ਜਗਤ, ਉਸੇ ਪਰਮੇਸ਼ਰ ਦਾ ਕੀਤੇ ਹੋਏ ਖੇਡ ਦਾ ਅਖਾੜਾ ਹੈ, ਸਾਰੇ ਜੀਅ ਜੰਤ ਉਸੇ ਦੇ ਪੈਦਾ ਕੀਤੇ ਹੋਏ ਹਨ, ਜਿਥੇ ਜਿਥੇ ਉਸ ਨੂੰ ਭਾਉਂਦਾ ਹੈ, ਉਥੇ ਹੀ ਲਾਏ ਹੋਏ ਹਨ, ਸਭ ਕੁਝ ਉਸੇ ਦਾ ਹੀ ਕੀਤਿਆਂ ਹੁੰਦਾ ਹੈ, ਹੋਰ ਕਿਸੇ ਦੇ, ਸਾਡੇ ਕੀਤਿਆਂ ਕੁਝ ਨਹੀਂ ਹੁੰਦਾ - 'ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ

ਤੇਰਾ ਖੇਲੁ ਅਖਾੜਾ ਜੀਉ॥..ਜੀਅ ਜੰਤ ਸਭਿ ਤੁਧੁ ਉਪਾਏ॥ ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥ ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ॥', ਪੰਨਾ ੧੦੩.

-- ਪਰ ਹੇ ਵਾਹਗੁਰੂ ! ਤੂੰ ਆਪਣੇ ਭਗਤਾਂ ਦੇ ਵਸ ਵਿਚ ਹੈਂ, ਬੇਸ਼ੱਕ ਭਗਤਾਂ ਨੂੰ ਵੀ ਆਸਰਾ ਤੇਰਾ ਹੀ ਹੈ।

ਉਹ ਪ੍ਰਭੂ, ਜਿਸ ਭਗਤ ਤੇ ਰੀਝ ਜਾਂਦਾ ਹੈ, ਉਸੇ ਨੂੰ ਸੰਤ ਕਹਿੰਦੇ ਹਨ ਅਤੇ ਸੰਤ ਦੇ ਵੀ ਉਹੀ ਕੰਮ ਹੁੰਦੇ ਹਨ ਜੋ ਪਰਮੇਸ਼ਰ ਦੇ ਹੁੰਦੇ ਹਨ। ਪ੍ਰਭੂ ਜੀ ਆਪ ਹੀ ਫ਼ੁਰਮਾਣ ਕਰਦੇ ਹਨ ਕਿ 'ਮੈਂ, ਸੰਤ ਨੂੰ ਆਪਣੇ ਹਿਰਦੇ ਨਾਲ ਲਗਾ ਕੇ ਰਖਦਾ ਹਾਂ। ਸੰਤ ਦੀ ਹਰ ਤਰ੍ਹਾਂ ਦੀ ਮਦਦ ਲਈ ਝਟ ਹੀ ਅਤੇ ਤੁਰੰਤ ਹੀ ਬਹੁੜੀ ਕਰਦਾ ਹਾਂ।' ਪੰਨਾ ੮੬੭ ਤੇ ਪੰਚਮ ਪਾਤਸ਼ਾਹ ਦਾ ਸਾਰਾ ਸ਼ਬਦ ਹੀ ਇਸੇ ਪ੍ਰਥਾਇੰ ਹੈ - 'ਸੰਤ ਕਉ ਰਾਖਉ ਅਪਨੇ ਜੀਅ ਨਾਲਿ॥ ਸੰਤ ਉਧਾਰਉ ਤਤਖਣਿ ਤਾਲਿ॥ ਸੋਈ ਸੰਤੁ ਜਿ ਭਾਵੈ ਰਾਮ॥ ਸੰਤ ਗੋਬਿੰਦ ਕੈ ਏਕੈ ਕਾਮ॥'

ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਫ਼ੁਰਮਾਣ ਕਰਦੇ ਹਨ, ਕਿਉਂਕਿ ਭਗਤਾਂ ਨੂੰ ਵੀ ਪ੍ਰਭੂ ਦਾ ਹੀ ਤਾਣ, ਆਸਰਾ ਹੁੰਦਾ ਹੈ, ਇਸੇ ਕਰਕੇ ਭਗਤ ਕਹਿ ਉਠਦਾ ਹੈ ਕਿ ਹੇ ਪਰਮੇਸ਼ਰ ! ਮੈਨੂੰ ਤੇਰਾ ਹੀ ਆਸਰਾ ਹੈ - 'ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ॥', ਪੰਨਾ ੪੬. ਹੋਰ ਵੀ ਬਚਨ ਕੀਤਾ ਹੈ - 'ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ॥', ਪੰਨਾ ੮੧੨ ਅਤੇ ਸੰਤ ਜਨਾਂ ਦੀ ਓਟ ਪ੍ਰਭੂ ਆਪ ਹੈ - 'ਸੰਤਨ ਕੀ ਓਟਿ ਆਪੇ ਆਪਿ॥', ਪੰਨਾ ੧੦੦੧.
ਹੋਰ ਫ਼ੁਰਮਾਣ ਹੈ ਕਿ ਪਰਮਾਤਮਾ, ਜਿਥੇ ਜਿਥੇ, ਭਗਤ ਨੂੰ ਕੰਮ ਪੈਂਦਾ ਹੈ, ਉਥੇ ਉਥੇ, ਉਹ ਭਜ ਕੇ ਬਹੁੜੀ ਕਰਦਾ ਹੈ, ਆਪਣੇ ਸੇਵਕ ਨੂੰ, ਆਪਣਾ ਨੇੜੇ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਜੋ ਵੀ, ਸੰਤ, ਆਪਣੇ ਪ੍ਰਭੂ ਨੂੰ ਕਰਣ ਲਈ ਕਹਿੰਦਾ ਹੈ, ਉਹ ਤਤਕਾਲ ਹੋ ਜਾਂਦਾ ਹੈ - 'ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥..ਸੇਵਕ ਕਉ ਨਿਕਟੀ ਹੋਇ ਦਿਖਾਵੈ॥ **ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥**', ਅੰਕ ੪੦੩.
ਇਤਨਾ ਹੀ ਨਹੀਂ, ਸਗੋਂ, ਭਗਤ ਕਬੀਰ ਜੀ ਤਾਂ ਪ੍ਰੇਮ ਦੇ ਦਾਈਏ ਵਿਚ ਪ੍ਰਭੂ ਨੂੰ ਇਹ ਵੀ ਕਹਿ ਦਿੰਦੇ ਹਨ ਕਿ 'ਜੇ ਤੂੰ ਆਪਣੇ ਇਸ ਜਨ ਤੋਂ ਸੇਵਾ ਲੈਣੀ ਹੈ, ਆਪਣੇ ਦਿਤੇ ਕਾਰਜ ਪੂਰੇ ਕਰਵਾਉਣੇ ਹਨ ਤਾਂ ਪਹਿਲਾਂ ਮੇਰਾ ਦੋਹਾਂ ਧਰਮਾਂ ਦੇ ਇਸ ਬ੍ਰਾਹਮਣੀ ਵਰਗ, priestly class ਦੀਆਂ ਗਲਤ ਮਨੌਤਾਂ ਤੋਂ ਖਹਿੜਾ ਛਡਾਅ ਜੋ ਦੁਨੀਆਂ ਵਿਚ ਤੇਰੇ ਬਾਰੇ ਕਈ ਤਰ੍ਹਾਂ ਦੇ ਕੂੜ ਪ੍ਰਚਾਰ ਕਰਦਾ ਆ ਰਿਹਾ ਹੈ' - 'ਝਗਰਾ ਏਕੁ ਨਿਬੇਰਹੁ ਰਾਮ॥ ਜਉ ਤੁਮ ਅਪਨੇ ਜਨ ਸੌ ਕਾਮ॥', ਪੰਨਾ ੩੩੧. ਭਗਤ ਕਬੀਰ ਜੀ ਦੇ ਇਸ ਸ਼ਬਦ ਦੀ ਸੰਪੂਰਨ ਵਿਆਖਿਆ https://sikhis.com/ਝਗਰਾ-ਏਕੁ-ਨਿਬੇਰਹੁ-ਰਾਮ ਲਿੰਕ web address ਨੂੰ ਕਾਪੀ ਪੇਸਟ ਕਰਨ ਤੇ ਮਿਲੇਗੀ। ਭਗਤ ਨਾਮਦੇਵ ਜੀ ਅਨੁਸਾਰ ਪ੍ਰਭੂ ਤਾਂ ਕਹਿੰਦੇ ਹਨ, 'ਮੇਰੇ ਦਾਸ, ਸੰਤ, ਮੇਰਾ ਆਪਣਾ ਹੀ ਰੂਪ ਹਨ। ਮੇਰੇ ਬੰਨ੍ਹੇ ਹੋਏ ਨੂੰ, ਮੇਰਾ ਭਗਤ, ਛਡਾਅ ਸਕਦਾ ਹੈ ਪਰ ਮੇਰੇ ਭਗਤ ਦੇ ਬੰਨ੍ਹੇ ਹੋਏ ਨੂੰ, ਮੈਂ ਨਹੀਂ ਛਡਾਅ ਸਕਦਾ। ਐਸਾ ਵੀ ਹੋ ਸਕਦਾ ਹੈ ਕਿ ਉਹ ਭਗਤ, ਮੈਨੂੰ ਹੀ ਬੰਨ੍ਹ ਲਏ, ਤਾਂ ਫ਼ਿਰ ਮੈਂ ਤਾਂ ਉਜਰ ਨਹੀਂ ਕਰ ਸਕਦਾ' - 'ਦਾਸ ਅਨਿੰਨ ਮੇਰੋ ਨਿਜ ਰੂਪ॥.. ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥ **ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥**', ਪੰਨਾ ੧੨੫੨.

ਭਗਤ ਰਵਿਦਾਸ ਜੀ ਵੀ ਪ੍ਰਭੂ ਨੂੰ ਆਪਣੇ ਪ੍ਰੇਮ ਦੇ ਸੰਗਲਾਂ ਵਿਚ ਬੰਨ੍ਹਿਆਂ ਦਸਦੇ ਹਨ - '**ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥ ਕਹਿ ਰਵਿਦਾਸ ਛੂਟਿਬੋ ਕਵਨ ਗੁਨ॥**', ਪੰਨਾ ੪੮੭. ਪ੍ਰਭੂ ਨੂੰ ਸੰਬੋਧਨ ਕਰਦੇ ਹੋਏ ਪ੍ਰੇਮ ਦੇ ਹੋਰ ਬਚਨ ਕਰਦੇ ਹਨ ਕਿ ਬੇਸ਼ਕ ਅਸੀਂ ਮੋਹ ਦੀ ਫ਼ਾਹੀ ਵਿਚ ਬੰਨ੍ਹੇ ਹੋਏ ਹਾਂ ਪਰ ਅਸੀਂ ਤੈਨੂੰ ਵੀ ਪ੍ਰੇਮ ਦੇ ਬੰਧਨ ਵਿਚ ਜਕੜ ਰਖਿਆ ਹੈ। ਅਸੀਂ ਤਾਂ ਤੈਨੂੰ ਆਰਾਧ ਕੇ, ਤੇਰਾ ਨਾਮ ਜਪ ਕੇ ਉਧਰ ਜਾਵਾਂਗੇ, ਹੇ ਪ੍ਰਭੂ ! ਤੂੰ ਆਪਣੇ ਛੁਟਣ ਦੇ ਜਤਨ ਕਰ ਲੈ, ਕਿਵੇਂ ਛੁਟੇਂਗਾ - '**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥ ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥**', ਪੰਨਾ ੬੫੮.

ਇਨ੍ਹਾਂ ਕਾਰਨਾਂ ਕਰਕੇ ਹੀ ਸ੍ਰੀ ਗੁਰੂ ਅਰਜਨ ਸਾਹਿਬ, ਸੁਖਮਨੀ ਸਾਹਿਬ ਵਿਚ, ਤਤ ਦੀ ਗਲ ਦਸਦੇ ਹਨ ਕਿ ਸੰਤ ਦੀ ਸੰਗਤ ਨਾਲ ਹੀ ਵਾਹਗੁਰੂ, ਸਾਡੇ ਆਪਣੇ ਅੰਦਰ ਹੀ ਮਿਲ ਜਾਂਦਾ ਹੈ ਤੇ ਸੰਤ ਦੀ ਕਿਰਪਾ ਨਾਲ ਹੀ ਪ੍ਰਭੂ ਦਾ ਨਾਮ ਮਿਠਾ ਲਗਣ ਲਗ ਜਾਂਦਾ ਹੈ - 'ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥ ਨਾਮੁ ਪ੍ਰਭੂ ਕਾ ਲਾਗਾ ਮੀਠਾ॥' ਪਾਤਸ਼ਾਹ ਪੰਨਾ ੮੮੯ ਤੇ ਫ਼ੁਰਮਾਣ ਕਰਦੇ ਹਨ ਕਿ ਹਰੀ ਦੇ ਭਗਤਾਂ ਨੂੰ ਉਸ ਦੇ ਨਾਮ ਦਾ ਆਸਰਾ ਹੁੰਦਾ ਹੈ, ਉਨ੍ਹਾਂ ਨੇ ਹੀ ਇਸ ਅਨਮੋਲ ਜਨਮ ਨੂੰ ਫ਼ਤਹਿ ਕਰ ਲਿਆ ਹੁੰਦਾ ਹੈ, ਜਿਸ ਕਰ ਕੇ ਸੰਤ, ਭਗਤ ਜੋ ਵੀ ਕਰਦਾ ਹੈ, ਪ੍ਰਭੂ ਨੂੰ ਪ੍ਰਵਾਨ ਹੁੰਦਾ ਹੈ, ਪਾਤਸ਼ਾਹ ਉਨ੍ਹਾਂ ਤੇ ਕੁਰਬਾਨ ਜਾਂਦੇ ਹਨ - 'ਹਰਿ ਭਗਤਨ ਕੋ ਨਾਮੁ ਅਧਾਰੁ॥ ਸੰਤੀ ਜੀਤਾ ਜਨਮੁ ਅਪਾਰੁ॥ ਹਰਿ ਸੰਤੁ ਕਰੇ ਸੋਈ ਪਰਵਾਣੁ॥ ਨਾਨਕ ਦਾਸੁ ਤਾ ਕੈ ਕੁਰਬਾਣੁ॥'

ਇਸੇ ਲਈ ਭਗਤ ਰਵਿਦਾਸ ਜੀ ਨੇ ਸਾਫ਼ ਬਚਨ ਕੀਤੇ ਹਨ ਕਿ ਸੰਤ ਤੇ ਅਨੰਤ ਪਰਮੇਸ਼ਰ ਵਿਚ ਕੋਈ ਫ਼ਰਕ ਹੀ ਨਹੀਂ - 'ਸੰਤ ਅਨੰਤਹਿ ਅੰਤਰੁ ਨਾਹੀ॥' ਪੰਨਾ ੪੮੬.

ਇਤਿਹਾਸਕ ਪ੍ਰਮਾਣ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਭਾਈ ਬੁਧੂ ਨੂੰ ਇਟਾਂ ਦਾ ਆਵਾ ਪਕਾ ਨਿਕਲਣ ਦੇ ਆਪਣੇ ਕੀਤੇ ਬਚਨ ਸਿਰੇ ਨਹੀਂ ਸਨ ਚਾੜੇ, ਕਿਉਂਕਿ ਉਨ੍ਹਾਂ ਦੇ ਇਕ ਗ਼ਰੀਬ ਸਿਖ, ਭਾਈ ਲਖੂ ਨੇ '**ਬੁਧੂ ਦਾ ਆਵਾ ਕੱਚਾ**' ਦੇ ਬਚਨ ਕਰ ਦਿਤੇ ਸਨ। ਪਾਤਸ਼ਾਹ ਨੇ ਆਪਣੇ ਬਚਨ 'ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥' ਸਚ ਕਰ ਵਿਖਾਏ ਅਤੇ ਆਪਣੇ ਸਿਖ ਦੇ ਕੀਤੇ ਬਚਨਾਂ ਅਨੁਸਾਰ ਭਾਈ ਬੁਧੂ ਦਾ ਇਟਾਂ ਦਾ ਆਵਾ ਕਚਾ ਹੀ ਨਿਕਲਿਆ। ਇਸੇ ਲਈ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਚਲਾਏ **ਪੰਥ** ਵਿਚ 'ਗੁਰੂ' ਅਤੇ 'ਗੁਰੂ ਪਿਆਰੇ' ਦੋਹਾਂ ਨੂੰ ਧੰਨ ਕਿਹਾ ਹੈ - 'ਗੁਰਮੁਖਿ ਪੰਥ ਸੁਹਾਵੜਾ ਧੰਨ ਗੁਰੂ ਧੰਨ ਗੁਰੂ ਪਿਆਰੇ॥'

ਇਸ ਲਈ ਤਤ ਇਹੀ ਹੈ - 'ਧਨੁ ਹਰਿ ਭਗਤਿ ਧਨੁ ਕਰਣੈਹਾਰ॥', ਭਾਵ, ਹਰੀ ਪ੍ਰਭੂ ਦੀ ਭਗਤੀ ਵੀ ਧੰਨ ਹੈ ਅਤੇ ਭਗਤੀ ਕਰਣ ਵਾਲਾ ਵੀ ਧੰਨ ਹੈ।

